International Journal of Applied Research 2016; 2(4): 333-336




**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(4): 333-336
www.allresearchjournal.com
Received: 20-02-2016
Accepted: 22-03-2016

**ਪ੍ਰੋ. ਬੂਟਾ ਸਿੰਘ ਧਾਲੀਵਾਲ**
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ.

# ਗੁਰਮੇਲ ਮਡਾਹੜ ਦੀਆਂ ਕਹਾਣੀਆਂ ਵਿਚ ਦਲਿਤ ਚੇਤਨਾ

## ਪ੍ਰੋ. ਬੂਟਾ ਸਿੰਘ ਧਾਲੀਵਾਲ

**ਸਾਰੰ ਸ਼**
ਭਾਰਤੀ ਸਮਾਜਿਕ ਇਹਿਤਾਸ ਵਿੱਚ ਜਾਤ-ਅਧਾਰੀ ਵੰਡੀਆਂ ਇੱਕ ਅਜਿਹਾ ਵਰਤਾਰਾ ਸਿਰਜ ਚੁੱਕੀਆਂ ਹਨ, ਜਿਸ ਨੇ ਅਖੌਤੀ ਨਿਮਨ-ਜਾਤੀਆਂ ਨੂੰ ਪਸ਼ੂਆਂ ਵਰਗਾ ਜੀਵਨ ਜਿਉਣ ਲਈ ਮਜ਼ਬੂਰ ਕੀਤਾ ਹੈ। ਦਲਿਤਾਂ ਦਾ ਸਮਾਜਿਕ, ਆਰਥਿਕ ਤੇ ਧਾਰਿਮਕ ਸ਼ੋਸ਼ਣ ਕਰਨਾ ਸਵਰਨ ਜਾਤੀਆਂ ਆਪਣਾ ਜਨਮ-ਸਿੱਧ ਅਧਿਕਾਰ ਸਮਝਦੀਆਂ ਹਨ। ਆਧੁਨਿਕ ਚਿੰਤਨਸ਼ੀਲ ਦੌਰ ਵਿੱਚ ਭਾਵੇਂ ਜ਼ਾਤੀ- ਪਾਤੀ ਸਿਸਟਮ ਨੂੰ ਸੱਟ ਲੱਗਣ ਕਾਰਨ ਉੱਚੀ ਤੇ ਨੀਵੀਂ ਜਾਤੀ ਦੇ ਸੰਕਲਪ ਵਿੱਚ ਕਾਫ਼ੀ ਫ਼ਰਕ ਆ ਗਿਆ ਹੈ। ਵਿਦਿਅਕ ਪਸਾਰ ਕਾਰਨ ਅੰਤਰ ਜਾਤੀ ਵਿਆਹ ਹੋਣ ਲੱਗੇ ਹਨ, ਉਦਯੋਗੀਕਰਨ ਅਤੇ ਸ਼ਹਿਰੀਕਰਨ ਕਾਰਨ ਪਿਤਾ-ਪੁਰਖੀ ਕੰਮਾਂ ਦੀਆਂ ਕੜੀਆਂ ਟੁੱਟਣ ਲੱਗੀਆਂ ਹਨ। ਪ੍ਰੰਤੂ ਅਸਲ ਹਕੀਕਤ ਇਹ ਹੈ ਕਿ ਸਦੀਆਂ ਬਾਅਦ ਵੀ ਅਖੌਤੀ ਸਵਰਨ/ਉੱਚ ਜਾਤਾਂ ਅੰਦਰਲੀ ਜਾਤੀ ਹਉਮੈ ਟੁੱਟਣ ਦਾ ਨਾਂ ਨਹੀਂ ਲੈ ਰਹੀ।ਸਾਹਿਤ ਦੇ ਖੇਤਰ ਵਿਚ ਦਲਿਤ ਚੇਤਨਾ ਇੱਕ ਅਜਿਹਾ ਸੰਕਪਲ, ਹੈ। ਜਿਸ ਨੂੰ ਉਪਰੋਕਤ ਸਮਾਜਿਕ, ਆਰਥਿਕ ਬਦਲਾਂ ਦੀ ਪੈਦਾਇਸ਼ ਕਿਹਾ ਜਾ ਸਕਦਾ ਹੈ। ਵਿੱਦਿਆ ਲਈ ਬਰਾਬਰ ਦੇ ਮੌਕਿਆਂ ਨੇ ਇਸ ਸ਼੍ਰੇਣੀ ਨੂੰ ਕਿਸੇ ਹੱਦ ਤੱਕ ਚੇਤੰਨ ਕੀਤਾ ਹੈ।

**ਮੁ਼ਖ ਸਬਦ :** ਚੇਤਨਾ, ਇਹਿਤਾਸ ਚਿੰਤਨਸ਼ੀਲ, ਕਹਾਣੀਆਂ, ਹੜਤਾਲ, ਵਾਰਤਾਲਾਪ ਆਦਿ।.

ਸਾਹਿਤ ਦੇ ਖੇਤਰ ਵਿੱਚ ਦਲਿਤ ਸਾਹਿਤਕਾਰਾਂ ਨੂੰ ਇੱਕ ਵੱਖਰੀ ਧਾਰਾ ਬਣਾਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਸਾਹਿਤਕਾਰਾਂ ਦਾ ਇੱਕ ਹਿੱਸਾ ਆਪਣੇ ਅਖੌਤੀ ਉੱਚ-ਜਾਤੀ ਸੰਸਕਾਰਾਂ ਤੋਂ ਮੁਕਤੀ ਨਹੀਂ ਪ੍ਰਾਪਤ ਕਰ ਸਕਿਆ ਹੈ। ਪ੍ਰਗਤੀਵਾਦੀ ਸਹਿਤਕਾਰਾਂ ਦੇ ਸਿਧਾਂਤਕਾਰਾਂ ਦਾ ਇਹ ਹਿੱਸਾ ਭਾਵੇਂ ਰਚਨਾਤਮਕ ਪੱਧਰ ਤੇ ਆਦਰਸ਼ਕ ਕਿਰਤਾਂ ਦੀ ਸਿਰਜਣਾ ਕਰਦਾ ਰਿਹਾ ਹੈ। ਪਰ ਵਿਹਾਰਕ ਜ਼ਿੰਦਗੀ ਵਿੱਚ ਉਨ੍ਹਾਂ ਦੇ ਅਵਚੇਤਨ ਮਨ ਵਿੱਚ ਬੈਠੇ ਸੰਸਕਾਰ ਹੀ ਉਨ੍ਹਾਂ ਦੀ ਮਾਨਸਿਕਤਾ ਉੱਪਰ ਹਾਵੀ ਰਹੇ ਹਨ। ਅੱਜ ਵੀ ਇਸ ਵਿਚਾਰਧਾਰਾ ਨਾਲ ਸੰਬੰਧਿਤ ਸਾਹਿਤਕਾਰਾਂ ਤੇ ਸਿਧਾਤਕਾਰਾਂ ਦਾ ਇੱਕ ਭਾਗ ਆਪਣੇ ਸਮਾਜਿਕ ਸਰੋਕਾਰਾਂ ਤੋਂ ਮੂੰਹ ਮੋੜੀ ਬੈਠਾ ਹੈ।
ਪਰੰਤੂ ਅਜਿਹੇ ਹਾਲਾਤਾਂ ਵਿਚ ਵੀ ਸਾਡੇ ਕੋਲ ਕਈ ਕਹਾਣੀਕਾਰ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਇਸ ਰਚਨਾਤਮਕ ਫ਼ਰਜ ਤੋਂ ਮੂਹ ਨਹੀਂ ਮੋੜਿਆ। ਉਨ੍ਹਾਂ ਵਿੱਚੋਂ ਗੁਰਮੇਲ ਮਡਾਹੜ ਅਜਿਹਾ ਕਹਾਣੀਕਾਰ ਹੈ ਜੋ ਦਲਿਤ ਸ਼੍ਰੇਣੀ ਦੀ ਹੀ ਗੱਲ ਨਹੀਂ ਕਰਦਾ, ਸਗੋਂ ਮਨੋਵਿਗਿਆਨਿਕ ਦ੍ਰਿਸ਼ਟੀ ਤੋਂ ਦਲਿਤ ਚੇਤਨਾ ਦੀ ਨਿਸ਼ਾਨਦੇਹੀ ਵੀ ਕਰਦਾ ਹੈ।
ਗੁਰਮੇਲ ਮਡਾਹੜ ਦੀਆਂ ਕਹਾਣੀਆਂ ਵਿਚਲਾ ਦਲਿਤ ਜਿਸ ਤਰ੍ਹਾਂ ਦੀਆਂ ਆਰਥਕ ਹਾਲਤਾਂ ਨਾਲ ਜੂਝ ਰਿਹਾ ਹੈ। ਉਹ ਸੱਚ ਮੁੱਚ ਹੀ ਸੋਨ ਚਿੜੀ ਜਾਂ ਮੇਰਾ ਭਾਰਤ ਮਹਾਨ ਦੇ ਸੰਕਲਪ ਦਾ ਮੂੰਹ ਚਿੜਾਉਂਦਾ ਹੈ। ਜਿੱਥੇ ਬਿੱਲੂ ਮਛੇਰੇ ਵਰਗੇ ਭੁੱਖੇ ਢਿੱਡ ਮਰਨ ਨਾਲੋਂ ਜ਼ਹਿਰੀਲ਼ੀਆਂ ਮੱਛੀਆਂ ਖਾ ਕੇ ਢਿੱਡ ਭਰਨਾ ਜ਼ਿਆਦਾ ਚੰਗਾ ਹੱਲ ਹੈ। (ਜ਼ਹਿਰ ਖਾਣ ਵਾਲੇ) ਚਾਹ ਪਾਣੀ ਤੋਂ ਵੀ ਖਾਲ਼ੀ ਢਿੱਡ ਜੀਵਨ ਗੁਜ਼ਾਰ ਰਿਹਾ ਮਛੇਰਾ ਚੰਗੀ ਤਰ੍ਹਾਂ ਜਾਣਦਾ ਹੈ ਕਿ, ਜ਼ਹਿਰ ਖਾਣ ਵਾਲਿਆਂ ਦੀ ਕਿਸਮਤ ਵਿੱਚ ਅੰਮ੍ਰਿਤ ਕਿੱਥੇ?
ਨਿਸ਼ਾਨਾ ਕਹਾਣੀ ਵਿਚਲੇ ਹੜਤਾਲੀ ਮਜ਼ਦੂਰ ਹੜਤਾਲ ਦੇ ਲੰਬੀ ਹੋ ਜਾਣ ਤੇ ਭਾਵੇਂ ਆਰਥਿਕ ਤੰਗੀ, ਬਿਮਾਰੀ ਤੇ ਭੁੱਖ ਵਰਗੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋ ਰਹੇ ਹਨ, ਪ੍ਰੰਤੂ ਸਰਮਾਏਦਾਰ ਵੀ ਟੱਸ ਤੋਂ ਮੱਸ ਨਹੀਂ ਹੋ ਰਿਹਾ।ਅਜਿਹੀ ਭਿਆਨਕ ਸਥਿਤੀ ਵਿੱਚ ਸੋਚੀਂ ਡੁੱਬੇ ਕਾਮੇ ਤੇ ਉਨ੍ਹਾਂ ਨੂੰ ਚੇਤਨ ਕਰਨ ਵਾਲੀ ਪਾਤਰ ਬੱਚੇ ਦੀ ਗੱਲ ਸੁੱਣ ਕੇ ਪ੍ਰੇਰਨਾ ਲੈਂਦਾ ਹਨ। ਇਹ ਗੱਲ ਕੇਵਲ ਕਹਾਣੀ ਵਿਚਲੇ ਕਾਂ ਤੇ ਨਿਸ਼ਾਨਾ ਸਿੰਨ੍ਹਣ ਦੀ ਨਹੀਂ, ਸਗੋਂ ਕਾਮਿਆਂ ਲਈ ਹਥਿਆਰਬੰਦ ਕ੍ਰਾਂਤੀ ਦਾ ਸੁਝਾਅ ਪ੍ਰਦਾਨ ਕਰਨ ਵਾਲੀ ਹੈ। ਜਦੋਂ ਮੁੱਖ ਪਾਤਰ ਬੱਚੇ ਤੋਂ ਗੁਲੇਲ ਫੜ ਕੇ ਉਸ ਵਿਚਲਾ ਰੋੜਾਂ ਸਿੰਨ੍ਹ ਕੇ ਬਲਦ ਦਾ ਮਾਸ ਚੂੰਡ ਰਹੇ ਕਾਂ ਦੇ ਮਾਰਦਾ ਹੈ। ਇਹ ਕਹਾਣੀ ਦਾ ਨਾਟਕੀ ਅੰਤ ਪਾਠਕ ਨੂੰ ਮਾਓ ਜੇ ਤੁੰਗ ਦੀ ਇਨਕਲਾਬ ਬੰਦੂਕ ਦੀ ਗੋਲੀ ਚੋਂ ਨਿਕਲਦਾ ਹੈ ਦੀ ਸੋਚ ਤੇ ਪਹਿਰਾ ਦੇਣ ਬਾਰੇ ਦੱਸਦਾ ਹੈ।

**Correspondence**
ਪ੍ਰੋ. ਬੂਟਾ ਸਿੰਘ ਧਾਲੀਵਾਲ
ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

ਉਪਰੋਕਤ ਮਾਰਕਸੀ ਸੋਚ ਨੂੰ ਪਕੇਰਾ ਕਰਨ ਵਾਲ਼ੀ ਇਕ ਹੋਰ ਕਹਾਣੀ ਦੋਸ਼ ਦਾ ਮੁੱਢ ਹੈ। ਜਿਸ ਵਿਚ ਗਰੀਬ ਮਸਾਂ ਦਾਤਣਾਂ ਤੋੜ ਕੇ ਆਪਣੀ ਰੋਟੀ-ਰੋਜ਼ੀ ਕਮਾਉਂਦਾ ਹੈ, ਪ੍ਰੰਤੂ ਇੱਕ ਦਿਨ ਨਹਿਰੀ ਬਾਬੂ ਉਸਦੀਆਂ ਦਾਤਣਾਂ ਖੋਹ ਲੈਂਦਾ ਹੈ। ਤਿਉਹਾਰ ਵਾਲੇ ਦਿਨ ਬੱਚਿਆਂ ਨੂੰ ਰੱਜਵੀਂ ਰੋਟੀ ਖਵਾਉਣ ਦੀ ਮਾਨਸਿਕਤਾ ਨਾਲ ਕੀਤੀ ਮਿਹਨਤ ਬਾਬੂ ਦੇ ਜ਼ਬਰ ਅੱਗੇ ਗੋਡੇ ਟੇਕਣ ਲਈ ਮਜ਼ਬੂਰ ਹੋ ਜਾਂਦੀ ਹੈ। ਮਿੰਨਤਾਂ ਕਰਨ ਦੇ ਬਾਵਜੂਦ ਬਾਬੂ ਮਾਨੇ ਨੂੰ ਮੁਆਫ ਤਾਂ ਕਰ ਦਿੰਦਾ ਹੈ, ਪ੍ਰੰਤੂ ਉਸ ਦੀਆਂ ਦਾਤਣਾਂ ਵਾਪਸ ਨਹੀਂ ਕਰਦਾ। ਘਰ ਅੱਗੇ ਖੜ੍ਹਾ ਮਾਨਾ ਆਪਣੇ ਬੱਚਿਆਂ ਤੇ ਪਤਨੀ ਦੇ ਵਾਰਤਾਲਾਪ ਸੁਣ ਕੇ ਦੁਖੀ ਹੋ ਜਾਂਦਾ ਹੈ।ਭੁੱਚੇ ਬੱਚੇ ਰੋਟੀ ਮੰਗਦੇ ਹਨ। ਪਰੰਤੂ ਬੇਵਸ ਤੇ ਮਜ਼ਦੂਰ ਪਤਨੀ ਬਾਪੂ ਦੇ ਮਠਿਆਈ, ਲਿਆਉਣ ਦਾ ਲਾਰਾ ਲਾ ਕੇ ਉਨ੍ਹਾਂ ਨੂੰ ਟਾਲ ਕੇ ਰੱਖਦੀ ਹੈ। ਭਰੇ ਮਨ ਨਾਲ ਜਦੋਂ ਉਹ ਘਰ ਵੜਨ ਤੋਂ ਕੰਨੀਂ ਕਤਰਾਉਂਦਾ ਟਲਦਾ ਫਿਰਦਾ ਹੈ, ਤਾਂ ਇੱਕ ਕੁੱਤੀ ਦੁਆਰਾ ਕਿਸੇ ਆਦਮੀ ਦੇ ਹੱਥੋਂ ਲਿਫਾਫਾ ਖੋਹਣ ਦੀ ਘਟਨਾ ਉਸਦੇ ਮਨ ਅੰਦਰ ਇਕ ਕਰੰਟ ਵਰਗਾ ਵਿਚਾਰ ਦੌੜਾ ਦਿੰਦੀ ਹੈ ਤੇ ਅਗਲੇ ਹੀ ਪਲ ਉਹ ਇੱਕ ਸੇਠ ਦਾ ਬਟੂਆ ਖੋਹ ਕੇ ਭੱਜ ਜਾਂਦਾ ਹੈ। ਇੱਥੇ ਗੁਰਮੇਲ ਮਡਾਹੜ ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ ਦਾ ਪ੍ਰਸੰਗ ਪੇਸ਼ ਕਰਨ ਵਿਚ ਸਫ਼ਲ ਹੋਇਆ ਹੈ। ਸਦੀਆਂ ਤੋਂ ਅਮੀਰਾਂ ਸੇਠਾਂ, ਠੇਕੇਦਾਰਾਂ ਤੇ ਸਰਮਾਏਦਾਰਾਂ ਦੁਆਰਾ ਤੰਗ ਕੀਤੇ ਜਾ ਰਹੇ ਗ਼ਰੀਬ ਲੋਕ ਆਪਣੀਆਂ ਪਰਸਿਥੀਤਆਂ ਤੋਂ ਅੱਕ ਕੇ ਜਦੋਂ ਆਪਣੀਆਂ ਸਥਿਤੀਆਂ ਦੇ ਕਾਰਨਾਂ ਨੂੰ ਹੱਥ ਪਾਉਂਦੇ ਹਨ ਤਾਂ ਇਹੋ ਜਿਹੀ ਭਾਵਨਾਂ ਉਨ੍ਹਾਂ ਅੰਦਰ ਸੰਚਾਰਿਤ ਹੁੰਦੀ ਹੈ। ਜੋ ਮਾਨੇ ਵਰਗਿਆਂ ਦੁਆਰਾ ਕਾਰਜਸ਼ੀਲ ਹੋ ਜਾਂਦੀ ਹੈ।

ਸੇਵਕ (ਅਣਗੌਲੇ ਆਦਮੀ) ਅਜਿਹੀ ਕਹਾਣੀ ਹੈ, ਜੋ ਸਮਾਜ ਸੇਵਕਾਂ ਤੇ ਗਰੀਬਾਂ ਦੇ ਹਮਦਰਦਾਂ ਦਾ ਮਖੌਟਾਂ ਤਾ ਚਾਕ ਕਰਦੀ ਹੀ ਹੈ, ਪਰ ਨਾਲ ਹੀ ਅਜਿਹੇ ਲੋਕਾਂ ਦਾ ਅਸਲੀ ਚਿਹਰਾ ਪਛਾਣ ਕੇ ਅਜਿਹੇ ਲੋਕਾਂ ਨੂੰ ਵੰਗਾਰਨ ਦਾ ਇਸ਼ਾਰਾ ਵੀ ਕਰਦੀ। ਜਦੋਂ ਸਮਾਜ ਸੇਵਕ ਦਾ ਢੌਂਗ ਕਰ ਰਿਹਾ ਬਾਬੂ ਕੁਲੀ ਨੂੰ ਉਸਦਾ ਬਣਦਾ ਮਿਹਨਤਾਨਾ ਦੇਣ ਦੀ ਬਜਾਇ ਉਲਟਾ ਉਸ ਤੇ ਆਪਣੀ ਲੀਡਰੀ ਦਾ ਰੋਅਬ ਝਾੜਦਾ ਹੈ ਤਾਂ ਕੁਲੀ ਉਸ ਦਾ ਵਿਰੋਧ ਕਰਦੇ ਹਨ। ਕੇਵਲ ਵਿਰੋਧ ਹੀ ਨਹੀਂ ਕਰਦੇ ਸਗੋਂ ਉਸ ਨੂੰ ਖ਼ਰੀਆਂ-ਖ਼ਰੀਆਂ ਵੀ ਸੁਣਾਉਣੇ ਹਨ। ਬਾਬੂ ਜੀ ਗੱਲ ਹੋਸ਼ ਨਾਲ ਕਰੋ। ਅਸੀਂ ਕਰਮ ਵੇਚਦੇ ਹਾਂ ਧਰਮ ਨਹੀਂ, ਚਾਚੇ ਨੂੰ ਕੁਝ ਕਿਹਾ ਈ ਤਾਂ ਘਸਾੜਾ ਤੋੜ ਦਿਆਂਗਾ। ਇਹ ਦੁਸ਼ਮਣ ਨੂੰ ਪਛਾਨਣ ਉਪਰੰਤ ਉਸਦੀਆਂ ਕਾਰਵਾਈਆਂ ਪ੍ਰਤੀ ਕੇਵਲ ਰੋਹ ਹੀ ਨਹੀਂ, ਸਗੋਂ ਇੱਕ ਸੁਨੇਹਾ ਵੀ ਹੈ ਕਿ ਅਜਿਹੇ ਸੇਵਕਾਂ ਨੂੰ ਛੇਤੀ ਤੋਂ ਛੇਤੀ ਖ਼ਤਮ ਕਰ ਦੇਣਾ ਚਾਹੀਦਾ ਹੈ।

ਦੇਸ਼ ਦੇ ਲਕੋਤੰਤਰੀ ਢਾਂਚੇ ਵਿਚਲੀਆਂ ਚੋਰ ਮੋਰੀਆਂ ਨੇ ਦੇਸ਼ ਦੀ ਆਰਥਿਕਤਾ ਨੂੰ ਹੀ ਨਹੀਂ ਹਿਲਾਇਆ, ਸਗੋਂ ਗਰੀਬੀ ਰੇਖਾਂ ਦੇ ਹੇਠਾਂ ਰਹਿ ਰਹੇ ਲੋਕਾਂ ਨੂੰ ਮਨੁੱਖਾ-ਜੀਵਨ ਜਿਉਣ ਤੋਂ ਵੀ ਤਰਸਾ ਦਿੱਤਾ ਹੈ। ਸਿਆਸੀ ਲੋਕਾਂ ਦੀਆਂ ਇਹ 75 ਲੱਖ ਵੋਟਾਂ ਚੋਣਾਂ ਸਮੇਂ ਮਜ਼ਬੀ ਭਰਾ, ਧਰਮੀ ਭਰਾ, ਦਲਿਤ ਭਰਾ ਬਣ ਜਾਂਦੇ ਹਨ। ਵੋਟਾਂ ਤੋਂ ਪਿਛੋਂ ਇਹੀ ਲੋਕ ਸਿਆਸੀ ਲੋਕਾਂ ਦੇ ਵੱਡੇ ਵੱਡੇ ਭਾਸ਼ਣਾਂ ਦੇ ਕਿਰਿਆਵੀ ਰੂਪ ਨੂੰ ਲੱਭਦੇ ਪੰਜ ਸਾਲ ਲਈ ਆਪਣਾ ਸੰਵਿਧਾਨਕ ਹੱਕ ਗਵਾ ਬੈਠਦੇ ਹਨ।

ਗਰੀਬਾਂ/ਦਲਿਤਾਂ ਲਈ ਜੀਵਨ ਜਿਉਣ ਯੋਗ ਵਰਤਾਰਾ ਨਹੀਂ ਰਹਿ ਗਿਆ। ਸਗੋਂ ਉਹ ਜਾਨਵਰ ਵਾਂਗ ਜੂਨ ਕਟੀ ਕਰਦੇ ਹਨ ਤੇ ਜੁੱਲੀ ਦੀਆਂ ਮੁੱਢਲੀਆਂ ਲੋੜਾਂ ਦੀ ਉਲਝਣ-ਤਾਣੀ ਵਿਚ ਉਲਝੇ ਲੋਕਾਂ ਲਈ ਸਕੂਲ ਵਿਚ ਬੱਚੇ ਪੜ੍ਹਾ ਸਕਣਾ, ਹਸਪਤਾਲਾਂ ਵਿੱਚ ਇਲਾਜ ਕਰਵਾ ਸਕਣ, ਥਾਂ ਲੈ ਕੇ ਮਕਾਨ ਬਣਾਉਣਾ, ਵੱਸ ਦੀ ਗੱਲ ਨਹੀਂ ਸੀ। ਰਾਜਾ ਭਾਗ ਦੀਆਂ ਮਾਰਕਾਂ ਜਮਾਤਾਂ ਨੂੰ ਮਜ਼ਦੂਰਾਂ ਦੀ ਇਸ ਹਾਲਤ ਬਾਰੇ ਬਾ-ਖ਼ੂਬੀ ਜਾਣਕਾਰੀ ਹੈ, ਪਰ ਉਹ ਇਸ ਜਾਣਕਾਰੀ ਨੂੰ ਵੋਟਾਂ ਵਟੋਰਨ ਲਈ ਚੰਗੇ ਦਾਅ ਪੇਚ ਵੱਜੋਂ ਵਰਤ ਰਹੀਆਂ ਹਨ।

ਅਜਿਹੇ ਬੇ-ਜ਼ਮੀਨੇ ਲੋਕਾਂ ਦੀ ਹਾਲਤ ਇਹ ਹੈ ਕਿ ਕੰਮ ਲੱਭ ਰਹੇ ਹਨ, ਕੰਮ ਕਰਨ ਲਈ ਤਿਆਰ ਹਨ, ਪ੍ਰੰਤੂ ਕਮਾਊ ਹੱਥਾਂ ਦੇ ਕਰਨ ਲਈ ਕੰਮ ਨਹੀਂ ਹੈ।

ਹੋਟਲਾਂ ਦੇ ਗੰਦੇ ਜੂਠੇ ਬਰਤਨ ਮਾਂਜਦੇ ਹਨ, ਗੰਦ ਸਾਫ਼ ਕਰਦੇ ਬੱਚੇ ਦੇਸ਼ ਦੇ ਬਾਲ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹਨ। ਮਛੇਰੇ ਕਹਾਣੀ ਵਿਚਲਾ ਮੁੰਡਾ ਸਤਨਾਮ ਅਜਿਹੇ ਬਾਲ ਮਜ਼ਦੂਰਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਘੱਟ ਮਜਦੂਰੀ ਮਿਲਣ ਕਾਰਨ ਭੁੱਖੇ ਢਿੱਡ ਨੂੰ ਭਰਨ ਲਈ ਚੋਰੀ ਹੋਟਲ ਮਾਲਕ ਦੀਆਂ ਚੀਜ਼ਾਂ ਖਾ ਜਾਂਦਾ ਹੈ। ਪਤਾ ਲੱਗਣ ਤੇ ਹੋਟਲ ਮਾਲਕ ਉਸ ਨੂੰ ਕੁੱਟਦਾ ਹੈ। ਭਾਵੇਂ ਦਫ਼ਤਰ ਦਾ ਕੋਈ ਬਾਬੂ ਉਸ ਦੇ ਬਚਾਅ ਲਈ ਹਾਅ ਦਾ ਨਾਅਰਾ ਵੀ ਮਾਰਦਾ ਹੈ, ਪ੍ਰੰਤੂ ਸਵਾਲ ਇਹ ਹੈ ਕਿ ਇਹ ਲੋਕ ਆਖਰ ਕਰਨ ਤਾਂ ਕੀ ਕਰਨ । ਜਾਨ ਤੋੜ ਕੇ ਵੀ ਜਦੋਂ ਇਨ੍ਹਾਂ ਕੋਲ ਢਿੱਡ ਭਰਨ ਲਈ ਕੁੱਝ ਨਹੀਂ ਤਾਂ ਇਹ ਕਿੱਧਰ ਜਾਣ। ਭਾਵੇਂ ਸਰਕਾਰੀ ਅੰਕੜਿਆਂ ਮੁਤਾਬਿਕ ਦੇਸ਼ ਦਾ ਬਹੁਤ ਵਿਕਾਸ ਹੋਇਆ ਹੈ। ਦੌਲਤ ਵਿਚ ਬਹੁਤ ਵਾਧਾ ਹੋਇਆ ਹੈ, ਫ਼ਿਕਸ ਆਮਦਨੀ 9 ਗੁਣਾਂ ਹੋ ਗਈ ਹੈ, ਵਿਕਾਸ ਦਰ 8-9 ਫੀਸਦੀ ਦੇ ਲਾਗੇ ਹੈ, ਸਥਿਰ ਹੈ ਗੱਡੀਆਂ ਤੇਜ਼ ਦੋੜਦੀਆਂ ਹਨ। 20 ਕਰੋੜ ਵਿਦਿਆਰਥੀਆਂ ਨੂੰ ਇੱਕ ਕਰੋੜ ਅਧਿਆਪਕ ਕੁਆਲਿਟੀ ਸਿੱਖਿਆ ਦੇ ਰਹੇ ਹਨ।

ਇੰਨੀਆਂ ਸਰਕਾਰੀ ਸਹੂਲਤਾਂ ਦੇ ਬਾਵਜੂਦ ਜਦੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਇਹ ਲੋਕ ਬੇਵਸ ਹੋ ਜਾਣ ਤਾਂ ਹਾਲਾਤਾਂ ਦੇ ਹੱਥੋਂ ਮਜ਼ਬੂਰ ਹੋਏ ਸਤਨਾਮ ਵਾਂਗ ਆਪਣੇ ਮਾਲਕਾਂ ਦੇ ਮਲਹਥਾ ਪਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਸਤਨਾਮ ਨੇ ਭੱਠੀ ਹਿਲਾਉਣ ਵਾਲਾ ਸਰੀਆਂ ਚੁੱਕ ਲਿਆ ਤੇ ਦੁਕਾਨਦਾਰ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

ਗੁਰਮੇਲ ਮਡਾਹੜ ਦਾ ਦਲਿਤ ਚਿੰਤਨ ਇਤਨਾ ਗੰਭੀਰ ਹੈ ਕਿ ਅਣਗੌਲੇ ਆਦਮੀ ਕਹਾਣੀ ਵਿਚਲੇ ਗਿੱਦੜਮਾਰਾਂ ਦੇ ਜੀਵਨ ਵਿਚ ਪਲ-ਪਲ ਘਟਦੀਆਂ ਘਟਨਾਵਾਂ ਬਦਲਦੇ ਹਾਲਾਤਾਂ ਨੂੰ ਜਦੋਂ ਬਿਆਨ ਕਰਦਾ ਹੈ ਤਾਂ ਪਾਠਕ ਦੇ ਅੰਦਰ ਇੱਕ ਸਵਾਲ ਉਭਰਦਾ ਹੈ ਕਿ ਹਿੰਦੁਸਤਾਨ ਨੂੰ ਸੋਨ ਚਿੜੀ ਕਹਿਣ ਵਾਲਿਆਂ ਨੂੰ ਵੀ ਸੰਗ ਨਹੀਂ ਆਉਂਦੀ ਕਿ ਇਸ ਚਿੜ੍ਹੀ ਦੇ ਖੰਭਾਂ ਵਿੱਚ ਅਜਿਹੇ ਆਦਮੀ ਵੀ ਰਹਿੰਦੇ ਹਨ। ਜੋ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਹਸਪਤਾਲਾਂ ਅਤੇ ਡਾਕਟਰਾਂ ਦੀ ਭਰਮਾਰ ਵਾਲੇ ਇਸ ਦੇਸ਼ ਵਿੱਚ ਗਿੱਦੜਮਾਰਾਂ ਦੀਆਂ ਝੁੱਗੀਆਂ ਲੋੜੀਂਦੀ ਮੁਢਲੀ ਡਾਕਟਰੀ ਸਹਾਇਤਾ ਦੀ ਅਣਹੋਂਦ ਨਾਲ ਮੌਤ ਦੀਆਂ ਕਬਰਾਂ ਬਣ ਰਹੀਆਂ ਹਨ। ਅਣਗੌਲੇ ਆਦਮੀ ਕਹਾਣੀ ਵਿਚ ਗਿੱਦੜਮਾਰਾਂ ਦੀ ਅਜਿਹੀ ਹੀ ਸਥਿਤੀ ਬਾਰੇ ਬਿਆਨਿਆ ਗਿਆ ਹੈ।ਇੱਕ ਪਰਿਵਾਰ ਦੇ ਮਸਾਂ 10 ਸਾਲਾ ਬਾਅਦ ਬੱਚਾ ਪੈਦਾ ਹੁੰਦਾ ਹੈ, ਪ੍ਰੰਤੂ ਬਾਰਸ਼ ਅਤੇ ਅੱਤ ਦੀ ਸਰਦੀ ਦੀ ਤਾਬ ਨਾ ਝੱਲਦਾ ਹੋਇਆ ਮਾਰ ਜਾਂਦਾ ਹੈ। ਜੱਚਾ ਦੀ ਹਾਲਤ ਗੰਭੀਰ ਹੈ ਪਰੰਤੂ ਹਸਪਤਾਲ ਲਿਜਾਣ ਦੀ ਬਜਾਇ ਇਹ ਲੋਕ ਰੱਬ ਆਸਰੇ ਉਸ ਨੂੰ ਝੁੱਗੀ ਵਿੱਚ ਰੱਖ ਕੇ ਓਹੜ-ਪੋਹੜ ਕਰ ਰਹੇ ਹਨ। ਕਿਉਂਕਿ ਹਸਪਤਾਲਾਂ ਵਿਚ ਇਨ੍ਹਾਂ ਦੀ ਕੋਈ ਨਹੀਂ ਸੁਣਦਾ ਕੁਝ ਸਮਾਂ ਪਹਿਲਾਂ ਇੱਕ ਜਵਾਨ ਲੜਕੇ ਦੇ ਸੱਪ ਲੜਨ ਤੇ ਅਤੇ ਹਸਪਤਾਲ ਵਿਚ ਡਾਕਟਰਾਂ ਵੱਲੋਂ ਵਰਤੀ ਗਈ ਅਣਗਹਿਲੀ ਕਾਰਨ ਉਸ ਦੀ ਮੌਤ ਹੋ ਗਈ ਸੀ।

ਹਾਲਾਤਾਂ ਦੀ ਤ੍ਰਾਸਦੀ ਇਹ ਹੈ ਕਿ ਸਰਕਾਰ ਵੱਲੋਂ ਬੇ-ਜ਼ਮੀਨਿਆਂ ਨੂੰ ਜ਼ਮੀਨਾਂ ਦੇਣ ਤੇ ਗਰੀਬਾਂ ਦੀ ਹਾਲਤ ਸੁਧਾਰਨ ਦੀਆਂ ਡੀਂਗਾਂ ਮਾਰੀਆਂ ਜਾ ਰਹੀਆਂ ਹਨ। ਦਿਹਾਤੀ ਵਿਕਾਸ ਬੋਰਡ ਵੱਲੋਂ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਪਹਿਲੇ ਪੜਆ ਵਿਚ ਅਗਲੇ ਹਰ ਬਲਾਕ ਦੇ ਪੰਜ ਪਿੰਡਾਂ ਨੂੰ ਵਰਤਮਾਨ ਮਾਲੀ ਸਾਲ ਦੇ ਦੌਰਾਨ ਦਸ ਪਿੰਡਾ ਨੂੰ ਨਮੂਨੇ ਦੇ ਪਿੰਡ ਬਣਾਇਆ ਜਾ ਰਿਹਾ ਹੈ। ਪਹਿਲੇ ਪੜਾਅ ਵਿਚ ਹਰ ਪਿੰਡਾਂ ਤੇ ਇੱਕ-ਇੱਕ ਲੱਖ ਰੁਪਏ ਖਰਚੇ ਜਾਣਗੇ। ਅਗਲੇ

ਚਾਰ ਮਹੀਨਿਆਂ ਵਿਚ ਨਮੂਨੇ ਦੇ ਪਿੰਡ ਬਨਾਉਣ ਲਈ 663 ਪਿੰਡਾਂ ਦੀ ਸੂਚੀ ਪਹਿਲਾ ਤਿਆਰ ਹੋ ਚੁੱਕੀ ਹੈ...।

ਸਮੱਸਿਆਵਾਂ ਦੀ ਭਿਆਨਕ ਇਸ ਹੱਦ ਤੱਕ ਜਾ ਚੁੱਕੀ ਹੈ ਕਿ ਜਿਨ੍ਹਾਂ ਲਈ ਉਪਰੋਕਤ ਸਹੂਲਤਾਂ ਦਾ ਪ੍ਰਚਾਰ ਹੋ ਰਿਹਾ ਹੈ ਉਨ੍ਹਾਂ ਨੂੰ ਇਨ੍ਹਾਂ ਸਭ ਦੀ ਸਾਰ ਵੀ ਨਹੀਂ। ਗਰੀਬ ਉੱਥੇ ਹੀ ਖੜ੍ਹਾ ਹੈ, ਅਨਪੜ੍ਹ ਬੇਕਾਰ, ਬਿਮਾਰ ਬੇ ਸਹਾਰਾ, ਬੇਉਮੀਦ ਕੇਵਲ ਮੌਤ ਉਡੀਕ ਰਿਹਾ ਹੈ ਉਸ ਨੂੰ ਕੀ ਮਿਲਦਾ ਏ। ਇਸ ਝੂਠੇ ਵਿਕਾਸ ਦੀ ਕਹਾਣੀ ਵਿੱਚੋਂ ਉਸ ਦੇ ਪੇਟ ਵਿੱਚ ਨਾ ਰੋਟੀ ਹੈ, ਨ ਤਨ ਉੱਤੇ ਕੱਪੜਾ ਹੈ, ਨਾ ਸਿਰ ਉੱਤੇ ਛੱਤ ਹੈ, ਉਹ ਪੁੱਛਦਾ ਹੈ ਕਿ ਕਿਥੇ ਹੈ ਵਿਕਾਸ? ਕਿੱਥੇ ਹੈ ਰੁਜ਼ਗਾਰ? ਕਿੱਥੇ ਹੈ ਚਾਨਣ? ਇਸ ਦਾ ਕਰਨ ਇਹ ਹੈ ਕਿ ਪੈਦਾਵਾਰ ਦੇ ਸਾਧਨਾਂ ਦੇ ਮਾਲਕ ਤੇ ਨੌਕਰਸ਼ਾਹੀ ਦੇ ਉੱਚ ਅਧਿਕਾਰੀ ਉਨ੍ਹਾਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ। ਕਿਸੇ ਦੇ ਖਾਣ ਨੂੰ ਰੋਟੀ ਨਹੀਂ, ਕਿਸੇ ਪਾਸ ਚੀਥੜੇ ਸਿਉਣ ਖਾਤਰ ਧਾਗਾ ਨਹੀਂ ਕੋਈ ਦਿਵਾਲੀ ਵਾਲੇ ਦਿਨ ਆਪਣੇ ਬੱਚਿਆਂ ਲਈ ਮਠਿਆਈ ਨਹੀਂ ਲਿਆ ਸਕਦਾ। ਕੋਈ ਮਜ਼ਬੂਰੀ ਵੱਸ ਰਿਸ਼ਵਤ ਲੈ ਰਿਹਾ ਹੈ। ਵੱਧ ਰਹੀ ਜਨਸੰਖਿਆ ਦੇਸ਼ ਦਾ ਮੂੰਹ ਚਿੜਾਉਂਦੀ ਜਾਪਦੀ ਹੈ। ਅਜਿਹੇ ਹਾਲਾਂ ਵਿਚ ਕੋਈ ਅਮੀਰਾਂ ਦੀਆਂ ਜੇਬਾਂ ਕੱਟਣ ਲੱਗ ਜਾਂਦਾ ਹੈ। ਕੋਈ ਜ਼ਾਬਰ ਸੱਪ ਮਾਰਦਾ ਹੈ, ਕੋਈ ਚਲਾਕ ਕਾਂ ਨੂੰ ਫੂੰਡਦਾ ਹੈ ਤੇ ਕੋਈ ਝੂਠੇ ਸੇਵਕਾਂ ਨੂੰ ਛੇਤੀ ਤੋਂ ਛੇਤੀ ਖ਼ਤਮ ਕਰਨ ਦਾ ਪ੍ਰਚਾਰ ਕਰਦਾ ਹੈ। ਅਮੀਰ ਵਿਹਲੜ ਨਿੱਜੀ ਐਸ਼ ਪ੍ਰਸਤੀ ਵਿੱਚ ਡੁੱਬੇ ਹੋਏ ਹਨ। ਗਰੀਬ ਮਜਬੂਰੀ ਤੇ ਥੁੜ ਦਾ, ਸ਼ਿਕਾਰ ਹੋ ਕੇ ਵੀ ਇੱਕ ਦੂਜੇ ਨਾਲ ਮਨੁੱਖੀ ਸਾਂਝ ਨਿਭਾਉਂਦੇ ਹਨ।

ਗੁਰਮੇਲ ਮਡਾਹੜ ਮਾਨਵ ਹਿਤੈਸ਼ੀ ਅਤੇ ਦਲਿਤ ਪੱਖੀ ਸੋਚ ਦਾ ਧਾਰਨੀ ਹੈ ਤੇ ਉਹ ਆਪਣੀਆਂ ਕਹਾਣੀਆਂ ਰਾਹੀਂ ਇਸ ਸੱਚ ਤੇ ਨਿੱਠ ਕੇ ਪਹਿਰਾ ਦਿੰਦਾ ਹੈ। ਉਹ ਸਮੇਂ ਦਾ ਹਾਣੀ ਵੀ ਹੈ ਤੇ ਰਹਿਬਰ ਵੀ। ਦੇਸ਼ ਦੀ ਸਰਵ ਵਿਆਪੀ ਸਮਾਜਕ ਅਸਮਾਨਤਾ, ਸ਼੍ਰੇਣੀ ਘੋਲ, ਟੁੱਟਦੀ ਆਰਥਿਤਾ, ਅਮਾਨਵੀ ਸੁਆਰਥ, ਬੇਚੈਨੀ, ਭ੍ਰਿਸ਼ਟਾਚਾਰ ਅੱਤਿਆਚਾਰ, ਅਨਿਆਂ ਭੁੱਖ ਨੰਗ ਤੇ ਜਿੱਲ੍ਹਤ ਨੂੰ ਦਰਸਾਉਣ ਵਾਲੀਆਂ ਇਹ ਕਹਾਣੀਆਂ ਇਸ ਯੁੱਗ ਦੇ ਭੈੜਾਂ ਦੀ ਸਦੀਵੀਂ ਦਸਤਾਵੇਜ਼ ਬਣ ਜਾਣਗੀਆਂ। ਮਡਾਹੜ ਦੇ ਪਾਤਰ ਸਮਾਜ ਦੀ ਰੀੜ੍ਹ ਦੀ ਹੱਡੀ ਹਨ, ਪ੍ਰੰਤੂ ਉਹ ਅਣਗੌਲੇ, ਬੇਨਾਮ ਤੇ ਅਪਮਾਨਤ ਹਨ। ਉਹ ਸੈਂਸੀ, ਮਛੇਰੇ, ਕਲਰਕ, ਮਜ਼ਦੂਰ, ਕਿਸਾਨ, ਸੀਰੀ, ਫੌਜੀ, ਦਾਤਣ ਵੇਚਣ ਵਾਲੇ ਠੇਕੇਦਾਰ ਦੇ ਮੁਨਸ਼ੀ, ਰਾਜ ਮਿਸਤਰੀ, ਪੂਰਬੀਏ ਤੇ ਚੌਥੇ ਦਰਜੇ ਦੇ ਕਰਮਚਾਰੀ ਹਨ।

ਸਰਕਾਰੀ ਦਾਅਵੇ ਕਿ ਗਰੀਬ ਦਲਿਤ ਤੇ ਅਨੁਸੂਚਿਤ ਜਾਤਾਂ/ਸ਼੍ਰੇਣੀਆਂ ਦੇ ਜੀਵਨ ਸੁਧਾਰ ਲਈ ਨਿੱਤ ਨਵੇਂ ਕਾਨੂੰਨ ਘੜੇ ਜਾਂਦੇ ਹਨ। ਪ੍ਰੰਤੂ ਹੈਰਾਨੀ ਦੀ ਗੱਲ ਇਹ ਹੈ ਕਿ ਏ.ਸੀ. ਦਫਤਰਾਂ, ਸੰਸਦਾਂ ਵਿੱਚ ਬੈਠਕੇ ਕਾਨੂੰਨ ਘੜਨ ਵਾਲਿਆਂ ਨੂੰ ਇਹਨਾਂ ਸ਼ਰੇਣੀਆਂ ਦੇ ਜੀਵਨ ਬਾਰੇ ਕੋਈ ਸੋਝੀ ਹੀ ਨਹੀਂ। ਇਨ੍ਹਾਂ ਦੇ ਜੀਵਨ ਨੂੰ ਸੁਧਾਰਨ ਲਈ ਅਖ਼ਬਾਰਾਂ ਵਿਚ ਲੇਖ ਛਪ ਰਹੇ ਹਨ, ਕਿਤਾਬਾਂ ਲਿਖੀਆਂ ਜਾ ਰਹੀਆਂ ਹਨ, ਪਰ ਤ੍ਰਾਸਦੀ ਇਹ ਹੈ ਕਿ ਜਿਨ੍ਹਾਂ ਲੋਕਾਂ ਲਈ ਇੰਨ੍ਹਾਂ ਸਭ ਕੁੱਝ ਕੀਤਾ ਜਾ ਰਿਹਾ ਹੈ ਉਨ੍ਹਾਂ ਨੂੰ ਕਿਤੇ ਬੈਠਣ ਜੋਗੀ ਥਾਂ ਵੀ ਨਹੀਂ ਦਿੱਤੀ ਜਾਂਦੀ ਤੇ ਜਿੱਥੇ ਬੈਠੇ ਹਨ ਉੱਥੇ ਵੀ ਟਿਕਣ ਨਹੀਂ ਦਿੱਤਾ ਜਾਂਦਾ। ਪੁਲਿਸ ਦੇ ਸਿਪਾਹੀ ਟੱਪਰੀਵਾਸਾਂ ਤੇ ਰੋਅਬ ਮਾਰਨ ਅਤੇ ਪਟਾਕਿਆਂ ਵਰਗੀਆਂ ਗਿੱਦੜਮਾਰਨੀਆ ਦੇਖਣ ਆਉਂਦੇ ਹਨ। 75 ਲੱਖ ਦੀ ਇਸ ਵੋਟ ਬੈਂਕ ਦੀਆਂ ਝੁੱਗੀਆਂ ਵੱਡੇ-ਵੱਡੇ ਲੋਕਾਂ ਨੂੰ ਸ਼ਹਿਰ ਦੀ ਖ਼ੂਬਸੂਰਤੀ ਤੇ ਧੱਬਾ ਲਗਦੀਆਂ ਹਨ। ਅਫ਼ਸਰ ਸ਼ਾਹੀ ਨੇ ਸਰਕਾਰੀ ਹੁਕਮਾਂ ਦੀ ਤਾਮੀਲ ਕਰਨੀ ਹੁੰਦੀ ਹੈ। ਕੋਰ੍ਹਾਂ ਕਹਾਣੀ ਵਿਚਲਾ ਅਫ਼ਸਰ ਦਾ ਚਪੜਾਸੀ ਗਿੱਦੜਮਾਰਾਂ ਨੂੰ ਕਹਿੰਦਾ ਹੈ... ਵੱਡੇ ਕਾਕਾ ਜੀ ਨੂੰ ਲਿਖਣ ਪੜ੍ਹਨ ਨਹੀਂ ਦਿੰਦੇ। ਅੱਜਕੱਲ੍ਹ ਉਹ ਦੇਸ਼ ਵਿੱਚ ਸਮਾਜਵਾਦ ਆਉਣ ਦੀਆਂ ਸੰਭਾਵਨਾਂਵਾਂ ਬਾਰੇ ਕੁਝ ਲਿਖ ਰਹੇ ਹਨ। ਇਸ ਲਈ ਆਪਣੇ ਕੁੱਕੜਾਂ ਨੂੰ ਡੱਕ ਕੇ ਰੱਖੋਂ ਤੇ ਕੁੱਤਿਆਂ ਦਾ ਭੌਂਕਣਾ ਬੰਦ ਕਰ ਦਿਓ। ਨਹੀਂ ਜੇ ਸਾਹਿਬ ਨੂੰ ਗੁੱਸਾ ਆ ਗਿਆ ਤਾਂ ਪੁਲਿਸ ਬੁਲਾ ਕੇ ਤੁਹਾਡਾ ਬੋਰੀਆਂ ਬਿਸਤਰਾ ਚੁਕਵਾ ਦੇਵੇਗਾ।

ਇਹ ਵਾਰਤਾਲਾਪ ਸਮੁੱਚੇ ਬੁੱਧੀਜੀਵੀਆਂ ਕਾਨੂੰਨ ਘਾੜਿਆ ਤੇ ਮਾਨਵ ਹਿੱਤਾਂ ਲਈ ਲੜਨ ਵਾਲਿਆਂ ਤੇ ਭਰਪੂਰ ਵਿਅੰਗ ਹੈ ਕਿ ਜਿੰਨ੍ਹਾਂ ਲੋਕਾਂ ਦੀ ਖ਼ਾਤਰ ਇੰਨਾਂ ਕੁੱਝ ਲਿਖਿਆ ਜਾ ਰਿਹਾ ਹੈ। ਉਹੀ ਵਿਘਨ ਜਾਪਦੇ ਹਨ। ਅਸਲ ਵਿਚ ਇਹ ਜੂਨ ਹੰਢਾ ਰਹੇ ਉਹ ਲੋਕ ਹਨ, ਜਿਨ੍ਹਾਂ ਦੀ ਗੁਲਾਮੀ ਦੀ ਰਾਤ ਅਜੇ ਮੁੱਕੀ ਹੀ ਨਹੀਂ, ਅਜ਼ਾਦੀ ਦਾ ਸੂਰਜ ਚੜ੍ਹਿਆ ਹੀ ਨਹੀਂ, ਨਾ ਉਨ੍ਹਾਂ ਦੀ ਜ਼ੁਬਾਨ ਹੈ ਨਾ ਪਛਾਣ ਜਿਵੇਂ ਉਹ ਹੈ ਹੀ ਨਹੀਂ ਪ੍ਰੰਤੂ ਦੂਜੇ ਪਾਸੇ ਸਰਕਾਰਾਂ ਦਾਅਵਾ ਕਰਦੀਆ ਹਨ ਕਿ ਭਾਰਤ ਸੰਸਾਰ ਦੀ ਦੂਜੀ ਵੱਡੀ ਅਰਥ ਵਿਵਸਥਾ ਹੈ, ਵਿਕਾਸ ਦਰ 8.5 ਫ਼ੀਸਦੀ ਤੋਂ ਵੀ ਉੱਚੀ ਹੋ ਗਈ ਹੈ, ਦੇਸ਼ ਚਮਕ ਰਿਹਾ ਹੈ, ਨਵਾਂ ਭਾਰਤ ਜਨਮ ਲੈ ਰਿਹਾ ਹੈ, ਉਹ ਦਿਨ ਦੂਰ ਨਹੀਂ ਜਦੋਂ ਭਾਰਤ ਸੰਸਾਰ ਦੀ ਇੱਕ ਨਬੰਰ ਸ਼ਕਤੀ ਬਣ ਜਾਵੇਗਾ।

ਇਹ ਇੱਥੇ ਖ਼ੂਬਸੂਰਤ ਕਹਾਣੀ ਹੈ ਜਿਸ ਵਿੱਚ ਟੱਪਰੀ ਵਾਸੀ ਲੋਕਾਂ ਦਾ ਦੁਖਦਾਈ ਜੀਵਨ ਅਤੇ ਲੋਟੂ ਸ਼੍ਰੇਣੀ ਦੀ ਐਸ਼ੋ-ਇਸ਼ਰਤ ਦੇ ਟੱਕਰਾਂ ਵਿੱਚੋਂ ਯਥਾਰਥ ਦੇ ਪ੍ਰਭਾਵ ਨੂੰ ਤਿੱਖਾ ਕੀਤਾ ਗਿਆ ਹੈ। ਗਿੱਦੜਮਾਰ ਸਮਾਜੀ ਜੀਵਨ ਵਿਚੋਂ ਬਿਲਕੁਲ ਬੇਦਖ਼ਲ ਕੀਤੇ ਗਏ ਹਨ ਅਤੇ ਉਹ ਜੇ ਕਦੇ ਸ਼ਹਿਰ ਦੇ ਨੇੜੇ ਆਪਣੀਆਂ ਕੁੱਲੀਆਂ ਲਾਉਂਦੇ ਹਨ ਤਾਂ ਇਸ ਨੂੰ ਸ਼ਹਿਰ ਦੀ ਸੁੰਦਰਤਾ ਉੱਤੇ ਧੱਬਾ ਸਮਝ ਕੇ ਉਠਾ ਦਿੱਤਾ ਜਾਂਦਾ ਹੈ।

ਗੁਰਮੇਲ ਮਡਾਹੜ ਦੀ ਇੱਕ ਖ਼ੂਬਸੂਰਤ ਕਹਾਣੀ ਕੱਚੇ ਕੋਠਿਆਂ ਦੇ ਵਾਸੀ ਹੈ। ਇਹ ਕਹਾਣੀ ਉਨ੍ਹਾਂ ਲੋਕਾਂ ਦੇ ਦੁਖਾਂ ਦਰਦਾਂ ਨੂੰ ਬਿਆਨ ਕਰਦੀ ਹੈ, ਜਿੰਨ੍ਹਾਂ ਲਈ ਘਰ ਵੀ ਮੌਤ ਤੇ ਢਿਗ ਵੀ ਮੌਤ ਸੀਤੋ ਤੇ ਬੀਰੋ ਦੋਹੇਂ ਨਣਾਨ ਭਰਜਾਈ ਕੋਠੇ ਨਿੱਪਣ ਲਈ ਮਿੱਟੀ ਲੈਣ ਜਾਂਦੀਆਂ ਹਨ, ਕਿਉਂਕਿ ਬਾਰਸ਼ਾਂ ਸ਼ੁਰੂ ਹੋਣ ਵਾਲੀਆਂ ਹਨ। ਜਦੋਂ ਸੀਤੋਂ ਆਪਣੀ ਭਰਜਾਈ ਨੂੰ ਢਿਗ ਡਿੱਗਣ ਤੋਂ ਸੁਚੇਤ ਕਰਦੀ ਹੈ ਤਾਂ ਬੀਰੋ ਦਾ ਇਹ ਜਵਾਬ ਕਿ ਢਿਗ ਆਪਣੇ ਘਰ ਨਾਲੋਂ ਖ਼ਤਰਨਾਕ ਤਾਂ ਨਹੀਂ, ਗਰੀਬਾਂ ਦੀ ਹਾਲਤ ਨੂੰ ਸੁੱਤੇ ਸਿੱਧ ਬਿਆਨ ਕਰ ਜਾਂਦਾ ਹੈ। ਇੱਕ ਤਰਫ਼ ਘਰ ਤੇ ਦੂਜੇ ਪਾਸੇ ਢਿੱਗ ਦੋਹੇ ਡਿੱਗਣ ਦਾ ਖ਼ਤਰਾ ਹੈ, ਪਰ ਨਾ ਲਿੱਪਣ ਤੇ ਘਰ ਡਿੱਗ ਜਾਵੇਗਾ। ਕੱਚੇ ਕੋਠਿਆਂ ਦੇ ਵਾਸੀ ਜਾਣ ਤਾਂ ਕਿੱਧਰ ਜਾਣ ਲੱਗਦਾ ਹੈ ਕਿ ਉਹਨਾਂ ਦੀ ਜ਼ਿੰਦਗੀ ਦੋ ਖਾਈਆਂ ਵਿੱਚ ਸਥਿਤ ਹੈ। ਢਿੱਗ ਤੋਂ ਮਿੱਟੀ ਨਾ ਲਿਆਉਣ ਤਾਂ ਕੋਠੇ ਬਰਸਾਤ ਵਿੱਚ ਡਿੱਗਦੇ ਹਨ। ਪਰ ਢਿੱਗ ਉੱਤੇ ਵੀ ਕਿਹੜਾ ਬਚਾਓ ਹੈ? ਗਰੀਬ ਲਈ ਬਚਾਓ ਤਾਂ ਕਿੱਤੇ ਵੀ ਨਹੀਂ।

ਰੋਟੀ ਇੱਕ ਅਜਿਹੇ ਗਰੀਬ ਦੀ ਕਹਾਣੀ ਹੈ ਜੋ ਰੋਟੀ ਰੋਜ਼ੀ ਦੀ ਖ਼ਾਤਰ ਸਰਕਸ ਵਿੱਚ ਭਾਲੂ ਤੋਂ ਕਰਤੱਬ ਕਰਾਉਂਦਾ ਹੈ ਪਰੰਤੂ ਭਾਲੂ ਦੇ ਮਰਨ ਤੋਂ ਬਾਅਦ ਉਹ ਕਿਸੇ ਨੂੰ ਭੂਤ ਲੱਗੇ ਬਿਨਾਂ ਉਸੇ ਭਾਲੂ ਦੀ ਖੱਲ ਆਪਣੇ ਮੁੰਡੇ ਤੇ ਪਵਾ ਕੇ ਉਸ ਤੋਂ ਭਾਲੂ ਵਾਲੇ ਕਰਤੱਬ ਕਰਾਉਂਦਾ ਹੈ। ਕਿਉਂਕਿ ਮਸਲਾ ਰੋਟੀ ਦਾ ਹੈ। ਰਿੱਛ ਦਾ ਇਲਾਜ ਕਰਨ ਵਾਲੇ ਡਾਕਟਰ ਨੂੰ ਮਿਲਣ ਤੇ ਬੰਸੀ ਇਹੀ ਦੱਸਦਾ ਹੈ ਕਿ ਉਸ ਦਾ ਲੜਕਾ ਗੁਜ਼ਰ ਗਿਆ। ਪਰੰਤੂ ਸਰਕਸ ਦੇ ਦੌਰਾਨ ਵਿਗੜੇ ਸ਼ੇਰ ਦੁਆਰਾ ਭਾਲੂ ਦੀ ਗਰਦਨ ਤੇ ਹਮਲਾ ਕਰਨ ਤੇ ਬੰਸੀ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ ਡਾਕਟਰ ਚਤੁਰਵੇਦੀ ਤੇ ਬੰਸੀ ਨੱਠ ਕੇ ਸਟੇਜ ਤੇ ਪਹੁੰਚਦੇ ਹਨ ਤਾਂ ਡਾਕਟਰ ਹੈਰਾਨ ਰਹਿ ਜਾਦਾ ਹੈ ਕਿ ਰਿੱਛ ਦੀ ਖੱਲ ਵਿੱਚ ਬੰਸੀ ਦੇ ਬੇਟੇ ਦੀ ਗਰਦਨ ਸ਼ੇਰ ਨੇ ਚਿੱਥ ਕੇ ਰੱਖ ਦਿੱਤੀ। ਇਸ ਤਰ੍ਹਾਂ ਇਸ ਕਹਾਣੀ ਦੇ ਪਾਤਰਾਂ ਵੱਲੋਂ ਹੰਢਾਇਆ ਜਾ ਰਿਹਾ ਸਮਕਾਲੀ ਯਥਾਰਥ ਇਨਾਂ ਕਰੂਰ ਤੇ ਅਣਸੁਖਾਵਾਂ ਹੈ ਕਿ ਮਨੁੱਖ ਦੇ ਸਰਵੋਤਮ ਪ੍ਰਾਣੀ ਹੋਣ ਮਿੱਥ ਇਕਦਮ ਲੀਰੋ-ਲੀਰ ਹੋ ਜਾਂਦੀ ਹੈ ਮਨੁੱਖ ਤੇ ਪਸ਼ੂ ਦਾ ਜੀਵਨ ਸਮਾਨੰਤਰ ਤੋਰ ਤੁਰਦਾ ਵਿਖਾਈ ਦਿੰਦਾ ਹੈ।

ਗੁਰਮੇਲ ਮਡਾਹੜ ਨੇ ਸਮਾਜ ਦੀਆਂ ਦਲਿਤ ਸ਼੍ਰੇਣੀਆਂ ਦੇ ਸੰਕਟ ਤੇ ਦਰਦਮਈ ਕਹਾਣੀਆਂ ਘੜੀਆਂ ਹਨ ਜਿਵੇਂ, ਭੱਠਾ ਮਜ਼ਦੂਰ, (ਇੱਟਾਂ ਦਾ ਰੰਗ) ਦਾਤਣ ਘੜ (ਦੋਸ਼ ਦਾ ਮੁੱਢ) ਮਜ਼ਹਬੀ (ਕੱਚੇ ਕੋਠਿਆਂ ਦੇ

ਵਾਸੀ) ਮਜ਼ਦੂਰ ਹੈਰਾਨੀ ਦੀ ਗੱਲ, ਡੋਰ ਦੀ ਗੁੱਛੀ, ਨਿਸ਼ਾਨ) ਆਦਿ ਨਿੱਜੀ ਅਨੁਭਵ ਦੀ ਚਾਸ਼ਣੀ ਕਰਕੇ ਇੰਨ੍ਹਾਂ ਕਈ ਕਹਾਣੀਆਂ ਵਿੱਚ ਰਸ ਤੇ ਰੋਚਿਕਤਾ ਦੀ ਮਿਠਾਸ ਵਧੀ ਹੈ। ਗੁਰਮੇਲ ਮਡਾਹੜ ਦੀਆਂ ਕਹਾਣੀਆਂ ਅਣਗੌਲੇ ਆਦਮੀਆਂ ਤੇ ਦੁੱਖ-ਦਰਦ, ਤ੍ਰਿਸ਼ਨਾਵਾਂ ਮਜ਼ਬੂਰੀਆਂ ਅਤੇ ਜਿਉਂਦੇ ਰਹਿਣ ਲਈ ਘੋਲ ਦੀ ਦਾਸਤਾਨ ਹਨ। ਮਨੁੱਖ ਆਪਣੇ ਇਤਿਹਾਸਕ ਵਿਕਾਸ ਨਾਲ ਹੌਲੀ-ਹੌਲੀ ਕੁਦਰਤ ਤੇ ਫਤਹਿ ਪ੍ਰਾਪਤ ਕਰ ਰਿਹਾ ਹੈ। ਇਸੇ ਲਈ ਏਂਗਲਜ਼ ਲੋੜਾਂ ਦੀ ਵਲਗਣ ਤੋਂ ਸੁਤੰਤਰਤਾ ਦੇ ਧਾਮ ਤੱਕ ਦੀ ਛਲਾਂਗ ਭਾਵ :ਕ਼ਬ ਗਿਰਠ ਵੀਕ ਾਜਅਦਰਠ ਰਿ ਅਕਫਕਤਤਜਵਖ ਰਿ ਾਜਅਪਦਰਠ ਰਿ ਗਿਕਕਦਰਠ ਦੀ ਗੱਲ ਕਰਦਾ ਹੈ। ਜਿਸ ਸਮਾਜ ਵਿਚ ਪ੍ਰਾਣੀ ਆਪਣੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਵਿੱਚ ਭਟਕਦਾ ਫਿਰਦਾ ਹੈ ਅਤੇ ਆਪਣੀ ਆਤਮਾ ਦੇ ਵਿਰੁੱਧ ਕੰਮ ਕਰਦਾ ਹੈ ਉੱਥੇ ਸਮਾਜ ਦਾ ਬਹੁਤ ਵੱਡਾ ਵਰਗ ਲੋੜਾਂ ਦੀ ਵਲਗਣ ਵਿਚ ਕੈਦ ਹੈ। ਲੋੜਾਂ ਦੀ ਵਲਗਣ ਵਿਚ ਕੈਦ ਹੋਣਾ ਮਨੁੱਖ ਦਾ ਸਭ ਤੋਂ ਵੱਡਾ ਦੁਖਾਂਤ ਹੈ। ਲੋੜਾਂ ਦੀ ਵਲਗਣ ਵਿਚ ਘਿਰੇ ਬੰਦੇ ਲਈ ਆਜ਼ਾਦੀ ਦੇ ਕੀ ਅਰਥ ਹਨ?

ਭਾਵੇਂ ਅਖਬਾਰਾਂ ਨੇ, ਫਿਲਮਾਂ ਨੇ, ਟੀ.ਵੀ. ਚੈਨਲਾਂ ਨੇ ਵਿਦੇਸ਼ੀ ਅਲੋਚਕਾਂ ਨੇ, ਭਾਰਤੀ ਲੇਖਕਾਂ ਨੇ, ਕਵੀਆਂ ਨੇ, ਸਮਾਜ ਸੇਵਕਾਂ ਨੇ, ਹਜ਼ਾਰਾਂ ਗ਼ੈਰ ਸਰਕਾਰੀ ਏਜੰਸੀਆਂ ਨੇ, ਪੇਂਡੂ ਇਲਾਕਿਆਂ ਅਤੇ ਪਛੜੀਆਂ ਬਸਤੀਆਂ ਵਿਚ ਕੰਮ ਕਰਨ ਵਾਲੇ ਸੇਵਾ ਕਰਮੀਆਂ ਨੇ ਇੱਕ ਵਾਰ ਨਹੀਂ ਹਜ਼ਾਰਾਂ ਵਾਰ ਗਰੀਬਾਂ ਦੀਆਂ ਤਕਲੀਫਾਂ, ਦੁੱਖਾਂ ਤੇ ਉਨ੍ਹਾਂ ਨਾਲ ਹੁੰਦੀਆਂ ਵਧੀਕੀਆਂ ਵੱਲ ਸਰਕਾਰ ਦਾ ਧਿਆਨ ਦਿਵਾਇਆ ਹੈ। ਪਰ ਅੱਜ ਤੱਕ ਸਰਕਾਰ ਚਾਹੇ ਉਹ ਕੇਂਦਰ ਦੀ ਹੈ, ਚਾਹੇ ਰਾਜਾਂ ਦੀ, ਗਰੀਬਾਂ ਲਈ ਕੁਝ ਕਰ ਸਕੀ ਹੈ? ਦਾ ਜਵਾਬ ਹੈ ਨਹੀਂ। ਉਨ੍ਹਾਂ ਦੀ ਹਾਲਤ ਦਿਨ-ਬ-ਦਿਨ ਖ਼ਰਾਬ ਹੁੰਦੀ ਜਾ ਰਹੀ ਹੈ।

ਉਪਰੋਕਤ ਸਾਰੀਆਂ ਗੱਲਾਂ ਦੀ ਰੋਸ਼ਨੀ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਕਈ ਲੇਖਕ ਯਥਾਰਥਵਾਦ ਦੇ ਨਾਂ ਹੇਠ ਲੋਕ ਜੀਵਨ ਦੀ ਕੇਵਲ ਫੋਟੋਗਰਾਫ਼ੀ ਹੀ ਕਰ ਰਹੇ ਹਨ, ਜੋ ਕੋਈ ਸੁਯੋਗ ਵਰਤਾਰਾ ਨਹੀਂ ਹੋ ਸਕਦਾ। ਲੇਖਕ ਕੋਈ ਅਦਭੁਤ ਮਨੁੱਖ ਨਹੀਂ ਸਗੋਂ ਇਹ ਉਨ੍ਹਾਂ ਮਨੁੱਖਾਂ ਵਿੱਚੋਂ ਹੀ ਹੈ, ਜਿਨ੍ਹਾਂ ਲਈ ਉਹ ਲਿਖਦਾ ਹੈ । ਜਿਨ੍ਹਾਂ ਦੇ ਜੀਵਨ ਨੂੰ ਉਹ ਅਪਾਣੀਆਂ ਕਿਰਤਾ ਦਾ ਸੋਮਾ ਬਣਾਉਂਦਾ ਹੈ। ਇਹ ਇਸ ਲਈ ਮੰਨਣਯੋਗ ਹੈ ਕਿ ਲੇਖਕ ਸਿਰਫ਼ ਫੋਟੋਆਂ ਨਹੀਂ ਖਿੱਚਦੇ ਸਗੋਂ ਇੱਕ ਵਾਦ-ਵਿਵਾਦ ਦੇ ਰੂਪ ਵਿਚ ਭਖਦੇ ਮਸਲਿਆਂ ਤੇ ਪੂਰੀ ਬਹਿਸ ਕਰਦੇ ਹਨ। ਇਹੀ ਕਾਰਨ ਹੈ ਕਿ ਗੁਰਮੇਲ ਮਡਾਹੜ ਚੰਗੀ ਤਰ੍ਹਾਂ ਜਾਣਦਾ ਹੈ ਕਿ ਬਾਹਰੀ ਤੌਰ ਤੇ ਦਲਿਤ ਸ਼੍ਰੇਣੀਆਂ ਨੂੰ ਚਾਹੇ ਜਿੰਨੇ ਮਰਜ਼ੀ ਹੱਕ, ਅਧਿਕਾਰ ਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ, ਪਰ ਅਸਲੀਅਤ ਇਹ ਹੈ ਕਿ ਜਾਤ ਅਧਾਰੀ ਵੰਡੀਆਂ ਦੀ ਜੜ੍ਹ ਜਿੱਥੇ ਆਰਥਕ ਧਰਾਤਲਾਂ ਤੇ ਉੱਗੀ ਹੈ ਉੱਥੇ ਸਮਾਜਿਕ ਤੌਰ ਤੇ ਲਿਤਾੜੇ ਜਾ ਰਹੇ ਲੋਕ ਵੀ ਅਖੌਤੀ ਉੱਚ ਜਾਤੀਆਂ ਦੇ ਕਹਿਰ ਦਾ ਸ਼ਿਕਾਰ ਹੋ ਰਹੇ ਹਨ। ਏਨਾ ਜਾਤਾਂ ਨੂੰ ਕੁਝ ਨਹੀਂ ਹੁੰਦਾ ਦੀ ਮਾਨਸਿਕਤਾ ਉਨ੍ਹਾਂ ਨੂੰ ਦਲਿਤਾਂ ਪ੍ਰਤੀ ਕਰੂਰ ਬਣਾਈ ਰੱਖਦੀ ਹੈ। ਅਸਲ ਵਿਚ ਇਹ ਉਹ ਲੋਕ ਹਨ ਜਿੰਨ੍ਹਾਂ ਲਈ ਨਾ ਰੁਜ਼ਗਾਰ ਹੈ ਨਾ ਇਲਾਜ ਹੈ ਨਾ ਸਿੱਖਿਆ ਹੈ ਨਾ ਅੱਜ ਹੈ ਨਾ ਕੱਲ੍ਹ ਹੈ ਨਾ ਆਸ ਹੈ ਨਾ ਚਾਨਣ ਕੇਵਲ ਨਿਰਾਸ਼ਾ ਅਤੇ ਭੈਅ ਹੈ ਇਹ ਨੰਬਰ ਦੋ ਦੇ ਹਿੰਦੋਸਤਾਨੀ ਹਨ। ਇੰਨ੍ਹਾਂ ਦਾ ਨਾਂ ਲੈ ਕੇ ਸਰਕਾਰਾਂ ਇਹਨਾਂ ਦੀ ਰਾਹਤ ਵਾਸਤੇ ਕਾਨੂੰਨ ਬਣਾਉਂਦੀਆਂ ਹਨ, ਸਕੀਮਾਂ ਦੀ ਸਿਰਜਣਾ ਕਰਦੀਆਂ ਹਨ, ਪਰ ਜਿੰਨ੍ਹਾਂ ਤੇ ਕਦੇ ਅਮਲ ਹੁੰਦਾ ਨਹੀਂ ਦਿਸਿਆ।

ਸਾਮਰਜਾਵਾਦ ਦੇ ਲੋਕਤੰਤਰੀ ਦੌਰ ਵਿਚ ਸ਼ਾਸ਼ਕ ਵਰਗ ਦੀ ਰਾਜਸੱਤਾ ਦਾ ਮੁੱਖ ਅਧਾਰ ਪਦਾਰਥ ਸਾਧਨਾਂ ਉੱਤੇ ਉਨ੍ਹਾਂ ਦੀ ਕੇਵਲ ਮਲਕੀਅਤ ਹੀ ਨਹੀਂ ਹੁੰਦੀ, ਬਲਕਿ ਸਮਾਜਿਕ ਚੇਤਨਾ ਦੇ ਖੇਤਰ ਵਿਚ ਸਥਾਪਤ ਹਾਕਮ ਜਮਾਤਾਂ ਦੀ ਵਿਚਾਰਧਾਰਕ ਸਰਦਾਰੀ ਵੀ ਹੁੰਦੀ ਹੈ। ਆਪਣੀ ਇਸ ਵਿਚਾਰਧਾਰਾ ਨੂੰ ਆਮ ਲੋਕਾਂ ਦੀ ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਉਤਾਰ ਕੇ ਇਸ ਨੂੰ ਇਤਿਹਾਸਕ ਪੈਦਾਵਾਰ ਦੀ ਬਜਾਇ ਸਦੀਵੀ ਤੇ ਕੁਦਰਤੀ ਰੂਪ ਵਿਚ ਪੇਸ਼ ਕਰਦੀਆਂ ਹਨ।

ਅੱਜ ਜਦੋਂ ਬੇਰੁਜ਼ਗਾਰੀ, ਬਲੈਕ ਮਾਰਕੀਟਿੰਗ ਮਾਨਸਿਕ ਗੁਲਾਮੀ ਆਰਥਿਕ ਲੁੱਟ-ਖਸੁੱਟ ਦੇ ਪੁੜ ਹੇਠ ਭਾਰਤ ਦਾ ਹਰ ਸਧਾਰਣ ਆਦਮੀ ਪਿਸ ਰਿਹਾ ਹੈ ਤਾਂ ਲੇਖਕ ਦਾ ਫ਼ਰਜ਼ ਬਣਦਾ ਹੈ ਕਿ ਉਹ ਲੁੱਟੀਂਦੇ ਜਾ ਰਹੇ ਲੋਕਾਂ ਦੀ ਗੱਲ ਕਰੇ ਗੱਲ ਹੀ ਨਾ ਕਰੇ ਉਸ ਦੇ ਉਪਾਅ ਲਈ ਲੋਕ ਭਰੋਸਾ ਤਿਆਰ ਕਰੇ। ਇਸ ਲੋਕ ਭਰੋਸੇ ਲਈ ਲੂਨਾਚਾਰਸਕੀ ਦੇ ਸ਼ਬਦ ਸਾਡੇ ਸਾਹਮਣੇ ਹਨ।

It isk one thing to be a socialist by conviction and quite another to contribute actively to the advent of socialism. The destruction of the capitalist world is not it self socialism.

ਪੰਜਾਬੀ ਪਾਠਕਾਂ ਲਈ ਖੁਸ਼ੀ ਦੀ ਗੱਲ ਇਹ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਕਹਾਣੀ ਨੇ ਵਿਸ਼ੇਸ਼ ਮੋੜ ਕੱਟਿਆ ਹੈ, ਇਹ ਵਿਸ਼ੇ ਵਸਤੂ ਦੇ ਪੱਖੋਂ ਚੇਤੰਨ ਤੌਰ ਤੇ ਯਥਾਰਥਵਾਦ ਵੱਲ ਮੁੜ ਗਈ ਹੈ। ਗੁਰਮੇਲ ਨੇ ਵੀ ਸਮਾਜ ਦੇ ਹੇਠਲੇ ਵਰਗ ਦੇ ਪਾਤਰ ਲੈ ਕੇ ਉਨ੍ਹਾਂ ਦੇ ਜੀਵਨ ਨੂੰ ਯਥਾਰਥਕ ਰੂਪ ਵਿਚ ਚਿਤਰਿਆ ਹੈ ਸਮਾਜਿਕ ਪ੍ਰਸਥਿਤੀਆਂ ਤੇ ਇੱਕ ਤਿੱਖਾ ਵਿਅੰਗ ਕੀਤਾ ਹੈ। ਇਹ ਵਿਅੰਗ ਕੁਝ ਥਾਵਾਂ ਤੇ ਸਾਡੇ ਅਜੋਕੀ ਰਾਜਸੀ ਅਵਸਥਾ ਤੇ ਵੀ ਕੀਤਾ ਗਿਆ ਹੈ, ਜਿਹੜਾ ਕਿ ਅਜੋਕੇ ਇਨਕਲਾਬੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੈ।

## ਸਹਾਇਕ ਪੁਸਤਕਾਂ


1. ਡਾ. ਤੇਜਵੰਤ ਮਾਨ 'ਸਮਾਜਿਕ ਚੇਤਨਾ ਅਤੇ ਲੇਖਕ', 1999 ਲਿਟਰੇਚਰ ਹਾਊਸ ਅੰਮ੍ਰਿਤਸਰ।
2. 'ਗੁਲਪਕਾਰ ਗੁਰਮੇਲ ਮਡਾਹੜ' ਸੰਪਾਦਕ ਡਾ. ਤੇਜਵੰਤ ਮਾਨ, 1990,
3. ਅਣਗੌਲੇ ਅਦਮੀ ਗੁਰਮੇਲ ਮਡਾਹੜ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 1974
4. ਦਲਿਤ ਚਿੰਤਨ: ਮਾਰਕਸੀ ਪਰਿਪੇਖ- ਡਾ. ਭੀਮ ਇੰਦਰ
5. ਅਣਗੌਲੇ ਆਦਮੀ ਗੁਰਮੇਲ ਮਡਾਹੜ ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ, 1974
6. ਹਰਮੇਸ਼ ਮਾਲੜ੍ਹੀ 'ਦਰਦ ਕਹਾਣੀ ਪਿੰਡਾਂ ਦੇ ਮਜ਼ਦੂਰਾਂ ਦੀ' ਪੰਜਾਬੀ ਟ੍ਰਿਬਿਊਨ, 15 ਦਸੰਬਰ, 2006
7. ਡਾ.ਟੀ.ਆਰ. ਸ਼ਰਮਾ 30 ਕਰੋੜ ਬਦਕਿਸਮਤ ਲੋਕ ਜਿੰਨ੍ਹਾਂ ਦੀ ਦੇਸ਼ ਵਿਚ ਕੋਈ ਅਹਿਮਤੀਅਤ ਨਹੀਂ, ਰੋਜਾਨਾ, ਅਜੀਤ, 10 ਦਸਬੰਰ, 2006
8. ਗੁਰਮੇਲ ਮਡਾਹੜ ਜੰਗ ਜਾਰੀ ਹੈ, 1981 ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
9. ਗੁਰਮੇਲ ਮਡਾਹੜ 'ਕੱਚੇ ਕੋਠਿਆਂ ਦੇ ਵਾਸੀ' 1978, ਵਿਸ਼ਵ ਭਾਰਤੀ ਪ੍ਰਕਾਸ਼ਨ, ਬਰਨਾਲਾ
10. Amntonio Gram Sci, Prison Note-books, London, 1972
11. ਬ੍ਰਹਮਜਗਦੀਸ਼ ਸਿੰਘ, 'ਸਮਾਲੋਚਨਾ ਤੇ ਪੰਜਾਬੀ ਆਲੋਚਨਾ'
12. ਗੁਰਮੇਲ ਮਡਾਹੜ, 'ਇਖ਼ਲਾਕ ਗੁੰਮ ਹੈ', ਲਿਟਰੇਚਰ ਹਾਊਸ ਪੁਤਲੀਘਰ, ਅੰਮ੍ਰਿਤਸਰ
13. ਗੁਰਮੇਲ ਮਡਾਹੜ 'ਮਹਾਂਬਲੀ' ਦੇ ਲਿਟਰੇਚਰ ਹਾਊਸ ਪੁਤਲੀਘਰ, ਅੰਮ੍ਰਿਤਸਰ, 1995